Punjabi

# ਜਿਊਂਦੇ ਵਿਅਕਤੀ ਵੱਲੋਂ ਗੁਰਦਾ ਦਾਨ ਕੀਤੇ ਜਾਣ ਸੰਬੰਧੀ ਟ੍ਰਾਂਸਪਲਾਂਟ ਪ੍ਰਕਿਰਿਆ



## ਜਿਊਂਦੇ-ਜੀਅ ਗੁਰਦਾ ਦਾਨ ਕਰਨ ਵਾਲਿਆਂ ਲਈ ਕਦਮ-ਬ-ਕਦਮ ਗਾਈਡ

BC TRANSPLANT
An agency of the Provincial Health Services Authority

## ਗੁਰਦਾ ਦਾਨੀਆਂ ਲਈ ਮਾਪਦੰਡ

- ਗੁਰਦਾ ਦਾਨ ਕਰਨ ਵਾਲੇ ਇੱਕ ਗੁਰਦੇ ਨਾਲ ਆਮ ਸਿਹਤਮੰਦ ਜ਼ਿੰਦਗੀ ਜਿਊਂਦੇ ਹਨ।
- ਗੁਰਦਾ ਦਾਨ ਕਰਨਾ ਵਿਅਕਤੀ ਦੀ ਆਪਣੀ ਮਰਜ਼ੀ ਹੋਣੀ ਚਾਹੀਦੀ ਹੈ।
- ਦਾਨ ਦੇਣ ਵਾਲੇ ਵਿਅਕਤੀ ਉੱਪਰ ਗੁਰਦਾ ਦਾਨ ਦੇਣ ਲਈ ਕੋਈ ਦਬਾਅ ਜਾਂ ਜ਼ੋਰ ਨਹੀਂ ਹੋਣਾ ਚਾਹੀਦਾ।
- ਗੁਰਦਾ ਦਾਨ ਦੇਣ ਵਾਲੇ ਵਿਅਕਤੀ ਦੀ ਸਰੀਰਕ ਅਤੇ ਜਜ਼ਬਾਤੀ ਸਿਹਤ ਵਧੀਆ ਹੋਣੀ ਚਾਹੀਦੀ ਹੈ ਅਤੇ ਉਹ ਟ੍ਰਾਂਸਪਲਾਂਟ ਦੀ ਪ੍ਰਕਿਰਿਆ ਲਈ ਸੋਚ ਸਮਝ ਕੇ ਸਹਿਮਤੀ ਦੇਣ ਦੇ ਯੋਗ ਹੋਣਾ ਚਾਹੀਦਾ ਹੈ।
- ਬੀ.ਸੀ. ਵਿੱਚ ਗੁਰਦਾ ਦਾਨ ਦੇਣ ਵਾਲਿਆਂ ਦੀ ਉਮਰ ਘੱਟੋ-ਘੱਟ 19 ਸਾਲ ਹੋਣੀ ਚਾਹੀਦੀ ਹੈ।
- ਗੁਰਦਾ ਦਾਨ ਦੇਣ ਵਾਲੀਆਂ ਲਈ ਵੱਧ ਤੋਂ ਵੱਧ ਉਮਰ ਸੰਬੰਧੀ ਕੋਈ ਵੀ ਪੱਕੀ ਹੱਦ ਨਿਰਧਾਰਤ ਨਹੀਂ ਕੀਤੀ ਗਈ ਹੈ।
- ਇਸ ਕਾਰਵਾਈ ਦੇ ਕਿਸੇ ਵੀ ਪੜਾਅ ’ਤੇ ਤੁਸੀਂ ਅੱਗੇ ਨਾ ਵਧਣ ਦਾ ਫ਼ੈਸਲਾ ਕਰ ਸਕਦੇ ਹੋ।

# ਕੀ ਤੁਸੀਂ ਜਿਊਂਦੇ ਜੀਅ ਗੁਰਦਾ ਦਾਨ ਕਰਨ ਬਾਰੇ ਵਿਚਾਰ ਕਰ ਰਹੇ ਹੋ?

ਜਿਊਂਦੇ-ਜੀਅ ਗੁਰਦਾ ਦਾਨ ਕਰਨ ਵਾਲੇ ਵਿਅਕਤੀ ਤੋਂ ਗੁਰਦਾ ਮਿਲਣਾ ਮਰੀਜ਼ ਲਈ ਬਿਹਤਰ ਕਿਉਂ ਹੈ, ਇਸ ਦੇ ਕਈ ਕਾਰਨ ਹਨ। ਮ੍ਰਿਤਕ ਦਾਨੀਆਂ ਦੇ ਮੁਕਾਬਲੇ ਜਿਊਂਦੇ ਦਾਨੀਆਂ ਵੱਲੋਂ ਮਿਲਿਆ ਗੁਰਦਾ ਟ੍ਰਾਂਸਪਲਾਂਟ ਕਰਨ ਨਾਲ ਨਤੀਜੇ ਆਮ ਤੌਰ 'ਤੇ ਬਿਹਤਰ ਹੁੰਦੇ ਹਨ। ਉਨ੍ਹਾਂ ਮਰੀਜ਼ਾਂ ਲਈ ਨਤੀਜੇ ਸਭ ਤੋਂ ਉੱਤਮ ਹੁੰਦੇ ਹਨ ਜਿਨ੍ਹਾਂ ਦਾ ਟ੍ਰਾਂਸਪਲਾਂਟ ਉਨ੍ਹਾਂ ਦਾ ਡਾਇਆਲਾਸਿਸ ਸ਼ੁਰੂ ਹੋਣ ਤੋਂ ਪਹਿਲਾਂ ਹੋ ਜਾਂਦਾ ਹੈ। ਧਿਆਨਪੂਰਬਕ ਯੋਜਨਾਬੰਦੀ ਨਾਲ ਮਰੀਜ਼ ਡਾਇਆਲਾਸਿਸ ਦੀ ਜ਼ਰੂਰਤ ਤੋਂ ਬਚ ਸਕਦਾ ਹੈ ਅਤੇ ਜਿਊਂਦੇ-ਜੀਅ ਗੁਰਦਾ ਦਾਨ ਕਰਨ ਲਈ ਰਾਜ਼ੀ ਵਿਅਕਤੀ ਤੋਂ ਮਿਲਿਆ ਗੁਰਦਾ ਸਿੱਧਾ ਟ੍ਰਾਂਸਪਲਾਂਟ ਕਰਵਾ ਸਕਦਾ ਹੈ। ਜਿਊਂਦੇ-ਜੀਅ ਗੁਰਦਾ ਦਾਨ ਕਰਨ ਵਾਲੇ ਵਿਅਕਤੀ ਤੋਂ ਮਿਲਣ ਵਾਲੇ ਗੁਰਦੇ ਦੇ ਟ੍ਰਾਂਸਪਲਾਂਟ ਦਾ ਸਮਾਂ ਦਾਨੀ ਅਤੇ ਗੁਰਦਾ ਪ੍ਰਾਪਤ ਕਰਨ ਵਾਲੇ ਵਿਅਕਤੀ ਦੀ ਸਹੂਲਤ ਮੁਤਾਬਕ ਤੈਅ ਕੀਤਾ ਜਾ ਸਕਦਾ ਹੈ।

ਜਿਊਂਦੇ ਦਾਨੀ ਅਕਸਰ ਗੁਰਦਾ ਪ੍ਰਾਪਤ ਕਰਨ ਵਾਲੇ ਮਰੀਜ਼ ਦੇ ਰਿਸ਼ਤੇਦਾਰ ਹੁੰਦੇ ਹਨ, ਪਰ ਅਜਿਹਾ ਹੋਣਾ ਲਾਜ਼ਮੀ ਨਹੀਂ ਹੈ। ਜਿਊਂਦੇ ਦਾਨੀ ਭੈਣ-ਭਰਾ, ਮਾਪੇ, ਬੱਚੇ ਜਾਂ ਰਿਸ਼ਤੇਦਾਰ ਹੋ ਸਕਦੇ ਹਨ। ਦਾਨ ਦੇਣ ਵਾਲਾ ਵਿਅਕਤੀ ਦੋਸਤ, ਵਿਆਹ ਰਾਹੀਂ ਬਣਿਆ ਰਿਸ਼ਤੇਦਾਰ, ਨਾਲ ਕੰਮ ਕਰਨ ਵਾਲਾ ਵਿਅਕਤੀ ਜਾਂ ਮਰੀਜ਼ ਦੀ ਕਮਿਊਨਿਟੀ ਦਾ ਮੈਂਬਰ ਹੋ ਸਕਦਾ ਹੈ।



*ਬ੍ਰਾਇਨ, ਦਾਨ ਕੀਤਾ ਗੁਰਦਾ ਪ੍ਰਾਪਤ ਕਰਨ ਵਾਲਾ*

## ਰੈਫ਼ਰਲ ਦੀ ਪ੍ਰਕਿਰਿਆ

**ਕਦਮ 1: ਮੁਢਲੀ ਜਾਂਚ**

**ਕਦਮ 2: ਲੈਬੌਰੋਟਰੀ ਅਤੇ ਜਾਂਚ ਕਰਨ ਸੰਬੰਧੀ ਅਧਿਐਨ**

**ਕਦਮ 3: ਟ੍ਰਾਂਸਪਲਾਂਟ ਟੀਮ ਵੱਲੋਂ ਮੁਲਾਂਕਣ ਅਤੇ ਮੈਡੀਕਲ ਇਮੇਜਿੰਗ**

**ਕਦਮ 4: ਸਰਜਰੀ ਅਤੇ ਸਿਹਤਯਾਬੀ**



## ਸ਼ੁਰੂਆਤ ਕਰਨੀ

ਜਿਊਂਦੇ ਦਾਨੀ ਦੇ ਮੁਲਾਂਕਣ ਦੀ ਪ੍ਰਕਿਰਿਆ ਇਹ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ ਕਿ ਤੁਸੀਂ ਸਿਹਤਮੰਦ ਹੋ ਅਤੇ ਤੁਹਾਡੇ ਵੱਲੋਂ ਗੁਰਦਾ ਦਾਨ ਕੀਤਾ ਜਾਣਾ ਸੁਰੱਖਿਅਤ ਹੈ। ਇਹ ਮਹੱਤਵਪੂਰਨ ਹੈ ਕਿ ਗੁਰਦਾ ਦਾਨ ਕਰਨ ਲਈ ਤੁਹਾਡੇ ਉੱਪਰ ਦੂਜੇ ਲੋਕਾਂ ਦਾ ਦਬਾਅ ਨਾ ਹੋਵੇ ਅਤੇ ਤੁਸੀਂ ਚੰਗੀ ਤਰ੍ਹਾਂ ਸੋਚ ਸਮਝ ਕੇ ਇਹ ਫ਼ੈਸਲਾ ਲਓ। ਇਸ ਕਾਰਵਾਈ ਦੇ ਕਿਸੇ ਵੀ ਪੜਾਅ 'ਤੇ ਤੁਸੀਂ ਅੱਗੇ ਨਾ ਵਧਣ ਦਾ ਫ਼ੈਸਲਾ ਕਰ ਸਕਦੇ ਹੋ।

### ਕਦਮ 1: ਮੁਢਲੀ ਜਾਂਚ

ਗੁਰਦਾ ਦਾਨ ਕਰਨ ਵਾਲੇ ਸੰਭਾਵੀ ਵਿਅਕਤੀ ਵਜੋਂ ਤੁਸੀਂ ਵੈਨਕੂਵਰ ਜਨਰਲ ਹਸਪਤਾਲ ਜਾਂ ਸੇਂਟ ਪੌਲ੍ਜ਼ ਹਸਪਤਾਲ ਵਿਖੇ 'ਪ੍ਰੀ-ਟ੍ਰਾਂਸਪਲਾਂਟ ਸਰਵਿਸਿਜ਼' ਨੂੰ ਫ਼ੋਨ ਕਰ ਕੇ ਇਹ ਕਾਰਵਾਈ ਅਰੰਭ ਸਕਦੇ ਹੋ। ਇਨ੍ਹਾਂ ਕੇਂਦਰਾਂ ਦੀ ਸੰਪਰਕ ਜਾਣਕਾਰੀ ਲਈ ਤੁਸੀਂ ਇਸ ਬ੍ਰੋਸ਼ਰ ਦਾ ਪਿਛਲਾ ਵਰਕਾ ਦੇਖ ਸਕਦੇ ਹੋ ਜਾਂ www.transplant.bc.ca 'ਤੇ ਜਾ ਸਕਦੇ ਹੋ।

ਤੁਹਾਨੂੰ ਮੈਡੀਕਲ ਅਤੇ ਸਮਾਜਕ ਪਿਛੋਕੜ ਸੰਬੰਧੀ ਇੱਕ ਪ੍ਰਸ਼ਨਾਵਲੀ ਭਰਨੀ ਪਵੇਗੀ। ਜੇਕਰ ਕੋਈ ਫ਼ੌਰੀ ਸਰੋਕਾਰ ਨਾ ਹੋਣ ਤਾਂ ਨਰਸ ਸੰਯੋਜਕ ਵੱਲੋਂ ਖ਼ੂਨ ਦੀ ਕਿਸਮ ਅਤੇ ਗੁਰਦੇ ਦੇ ਮੇਲ ਸੰਬੰਧੀ ਟੈਸਟ ਦਾ ਪ੍ਰਬੰਧ ਕੀਤਾ ਜਾਵੇਗਾ ਤਾਂ ਕਿ ਤੁਹਾਡੀ ਅਤੇ ਗੁਰਦਾ ਪ੍ਰਾਪਤ ਕਰਨ ਵਾਲੇ ਮਰੀਜ਼ ਦੀ ਅਨੁਰੂਪਤਾ ਦੀ ਜਾਂਚ ਕੀਤੀ ਜਾ ਸਕੇ।

### ਜੇਕਰ ਮੈਂ ਗੁਰਦਾ ਪ੍ਰਾਪਤ ਕਰਨ ਵਾਲੇ ਮਰੀਜ਼ ਨਾਲ ਮੇਲ ਨਹੀਂ ਖਾਂਦਾ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਅਤੇ ਉਹ ਵਿਅਕਤੀ ਜਿਸ ਨੂੰ ਤੁਹਾਡਾ ਗੁਰਦਾ ਦਿੱਤਾ ਜਾਣਾ ਹੈ ਆਪਸ ਵਿੱਚ ਸਿੱਧੇ ਤੌਰ 'ਤੇ ਮੇਲ ਨਹੀਂ ਖਾਂਦੇ ਤਾਂ 'ਜੋੜੀਦਾਰ ਐਕਸਚੇਂਜ' ਬਾਰੇ ਵਿਚਾਰ ਕੀਤਾ ਜਾ ਸਕਦਾ ਹੈ। 'ਲਿਵਿੰਗ ਡੋਨਰ ਪੇਅਰਡ ਐਕਸਚੇਂਜ ਪ੍ਰੋਗਰਾਮ' ਮੇਲ ਨਾ ਖਾਣ ਵਾਲੇ ਦਾਨੀ ਅਤੇ ਗੁਰਦਾ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ ਟ੍ਰਾਂਸਪਲਾਂਟ ਦੀ ਕਾਰਵਾਈ ਸ਼ੁਰੂ ਕਰਨ ਦਿੰਦਾ ਹੈ ਪਰ ਇਸ ਵਿੱਚ ਉਹ ਗੁਰਦੇ ਨੂੰ ਕਿਸੇ ਦੂਜੇ ਮੇਲ ਨਾ ਖਾਣ ਵਾਲੇ ਜੋੜੇ ਨਾਲ ਵਟਾ ਲੈਂਦੇ ਹਨ। 'ਨਾਨ-ਡਾਇਰੈਕਟਿਡ' ਦਾਨੀ (ਉਹ ਵਿਅਕਤੀ ਜਿਹੜਾ ਕਿਸੇ ਮੌਜੂਦਾ ਮਰੀਜ਼ ਤੋਂ ਬਿਨਾ ਹੀ ਆਪਣਾ ਗੁਰਦਾ ਦਾਨ ਕਰ ਦਿੰਦਾ ਹੈ) ਜਾਂ ਗੁਮਨਾਮ ਦਾਨੀ ਵੀ ਇਸ ਪ੍ਰੋਗਰਾਮ ਦਾ ਹਿੱਸਾ ਬਣ ਸਕਦੇ ਹਨ।

## ਕੀ ਗੁਰਦਾ ਦਾਨ ਕਰਨ ਵਾਲੇ ਵਿਅਕਤੀ ਨਾਲ ਰਿਸ਼ਤੇਦਾਰੀ ਹੋਣੀ ਬਿਹਤਰ ਰਹਿੰਦੀ ਹੈ?

ਨਹੀਂ। ਜਿਹੜਾ ਦਾਨੀ ਵਿਅਕਤੀ ਮਰੀਜ਼ ਦੀ ਰਿਸ਼ਤੇਦਾਰੀ ਵਿੱਚੋਂ ਨਹੀਂ ਹੁੰਦਾ, ਉਸ ਵੱਲੋਂ ਦਿੱਤੇ ਗੁਰਦੇ ਨੂੰ ਸਰੀਰ ਵੱਲੋਂ ਠੁਕਰਾਏ ਜਾਣ ਦੇ ਘੱਟ ਆਸਾਰ ਹੁੰਦੇ ਹਨ। ਦਾਨ ਕਰਨ ਵਾਲਾ ਵਿਅਕਤੀ ਭਾਵੇਂ ਰਿਸ਼ਤੇਦਾਰੀ ਵਿੱਚੋਂ ਵੀ ਹੋਵੇ, ਇਹ ਖ਼ਤਰਾ ਤਾਂ ਵੀ ਉਨਾਂ ਹੀ ਘੱਟ ਰਹਿੰਦਾ ਹੈ।

### ਕਦਮ 2: ਲੈਬੋਰੋਟਰੀ ਅਤੇ ਜਾਂਚ ਕਰਨ ਸੰਬੰਧੀ ਅਧਿਐਨ

ਇਹ ਪੱਕਾ ਕਰਨ ਲਈ ਕਿ ਗੁਰਦਾ ਦਾਨ ਕਰਨਾ ਤੁਹਾਡੇ ਲਈ ਸੁਰੱਖਿਅਤ ਹੈ, ਤੁਹਾਨੂੰ ਅਨੇਕਾਂ ਟੈਸਟ ਕਰਾਉਣੇ ਪੈਣਗੇ। ਕੁਝ ਟੈਸਟ ਤੁਹਾਡੇ ਫ਼ੈਮਲੀ ਡਾਕਟਰ ਰਾਹੀਂ ਕੀਤੇ ਜਾ ਸਕਦੇ ਹਨ ਅਤੇ, ਭਾਵੇਂ ਤੁਸੀਂ ਸੂਬੇ ਤੋਂ ਬਾਹਰ ਹੀ ਕਿਉਂ ਨਾ ਰਹਿੰਦੇ ਹੋਵੋ, ਬਹੁਤੇ ਟੈਸਟ ਤੁਹਾਡੇ ਘਰ ਜਾਂ ਕੰਮ ਵਾਲੀ ਥਾਂ ਦੇ ਨੇੜੇ ਹੀ ਕੀਤੇ ਜਾ ਸਕਦੇ ਹਨ।

ਔਰਤਾਂ ਨੂੰ ਮੈਮੋਗ੍ਰਾਮ ਅਤੇ ਪੈਪ ਸਮੀਅਰ ਲਈ ਆਪਣੇ ਫ਼ੈਮਲੀ ਡਾਕਟਰ ਤੋਂ ਅਪੌਇੰਟਮੈਂਟ ਲੈਣੀ ਪੈਂਦੀ ਹੈ।

### ਕਦਮ 3: ਟ੍ਰਾਂਸਪਲਾਂਟ ਟੀਮ ਵੱਲੋਂ ਮੁਲਾਂਕਣ ਅਤੇ ਮੈਡੀਕਲ ਇਮੇਜਿੰਗ

ਜੇਕਰ ਲੈਬੋਰੋਟਰੀ ਅਤੇ ਐਕਸ-ਰੇਅ ਟੈਸਟ ਠੀਕ ਹੋਣ ਅਤੇ ਤੁਸੀਂ ਗੁਰਦਾ ਦਾਨ ਕਰਨ ਲਈ ਅੱਗੇ ਵਧਣਾ ਚਾਹੋ ਤਾਂ ਵੈਨਕੂਵਰ ਵਿੱਚ ਟ੍ਰਾਂਸਪਲਾਂਟ ਟੀਮ ਨੂੰ ਮਿਲਣਾ ਤੁਹਾਡਾ ਅਗਲਾ ਕਦਮ ਹੋਵੇਗਾ। ਇਹ ਫ਼ੇਰੀ ਦੋ ਦਿਨਾਂ ਦੌਰਾਨ ਮੁਕੰਮਲ ਹੁੰਦੀ ਹੈ ਕਿਉਂਕਿ ਤੁਸੀਂ ਅਨੇਕਾਂ ਲੋਕਾਂ ਨੂੰ ਮਿਲਣਾ ਹੁੰਦਾ ਹੈ ਅਤੇ ਕਈ ਮੈਡੀਕਲ ਇਮੇਜਿੰਗ ਕਾਰਵਾਈਆਂ ਕੀਤੇ ਜਾਣ ਦੀ ਲੋੜ ਹੁੰਦੀ ਹੈ। ਟ੍ਰਾਂਸਪਲਾਂਟ ਟੀਮ ਵਿੱਚ ਨਰਸ ਸੰਯੋਜਕ, ਸੋਸ਼ਲ ਵਰਕਰ, ਮਨੋਵਿਗਿਆਨੀ, ਟ੍ਰਾਂਸਪਲਾਂਟ ਨੈਫ਼ਰਾਲੋਜਿਸਟ (ਨਵਾਂ ਗੁਰਦਾ ਲਗਾਉਣ ਸੰਬੰਧੀ ਮਾਹਰ ਡਾਕਟਰ) ਅਤੇ ਟ੍ਰਾਂਸਪਲਾਂਟ ਸਰਜਨ ਸ਼ਾਮਲ ਹੁੰਦੇ ਹਨ। ਮੈਡੀਕਲ ਇਮੇਜਿੰਗ ਕਾਰਵਾਈਆਂ ਵਿੱਚ ਨਿਊਕਲਰ ਰੈਨੋਗ੍ਰਾਮ, ਅਲਟ੍ਰਾਸਾਊਂਡ ਅਤੇ ਸੀ.ਟੀ. ਐਂਜੀਓਗ੍ਰਾਮ ਸ਼ਾਮਲ ਹੁੰਦੇ ਹਨ।

ਸਾਰੇ ਮੁਲਾਂਕਣ ਅਤੇ ਟੈਸਟ ਮੁਕੰਮਲ ਹੋ ਜਾਣ ਤੋਂ ਬਾਅਦ ਟ੍ਰਾਂਸਪਲਾਂਟ ਟੀਮ ਇਹ ਨਿਰਧਾਰਤ ਕਰੇਗੀ ਕਿ ਕੀ ਤੁਸੀਂ ਆਪਣਾ ਗੁਰਦਾ ਦਾਨ ਕਰਨ ਦੇ ਯੋਗ ਹੋ ਜਾਂ ਨਹੀਂ। ਤੁਹਾਡੇ ਮੁਲਾਂਕਣ ਦੇ ਨਤੀਜੇ ਗੁਪਤ ਰੱਖੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਗੁਰਦਾ ਪ੍ਰਾਪਤ ਕਰਨ ਵਾਲੇ ਮਰੀਜ਼ ਨਾਲ ਸਾਂਝਾ ਨਹੀਂ ਕੀਤਾ ਜਾਂਦਾ। ਟ੍ਰਾਂਸਪਲਾਂਟ ਟੀਮ ਦਾ ਫ਼ੈਸਲਾ ਪਤਾ ਲੱਗ ਜਾਣ ਉਪਰੰਤ ਤੁਸੀਂ ਇਹ ਨਿਰਣਾ ਲੈ ਸਕਦੇ ਹੋ ਕਿ ਕੀ ਤੁਸੀਂ ਆਪਣਾ ਗੁਰਦਾ ਦਾਨ ਕਰਨਾ ਹੈ ਜਾਂ ਨਹੀਂ।

ਜੇਕਰ ਕਿਸੇ ਕਾਰਨ ਵਜੋਂ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਤੁਹਾਡੇ ਵੱਲੋਂ ਜਿਊਂਦੇ-ਜੀਅ ਆਪਣਾ ਗੁਰਦਾ ਦਾਨ ਕਰਨਾ ਉਚਿਤ ਨਹੀਂ ਹੈ ਤਾਂ ਟ੍ਰਾਂਸਪਲਾਂਟ ਟੀਮ ਗੁਰਦਾ ਪ੍ਰਾਪਤ ਕਰਨ ਵਾਲੇ ਮਰੀਜ਼ ਨੂੰ ਇਸ ਬਾਰੇ ਸੂਚਿਤ ਕਰੇਗੀ। ਜੇਕਰ ਇਜਾਜ਼ਤ ਨਾ ਹੋਵੇ ਤਾਂ ਦਾਨੀ ਨੂੰ ਮਨ੍ਹਾਂ ਕੀਤੇ ਜਾਣ ਦੀ ਵਿਸ਼ੇਸ਼ ਵਜ੍ਹਾ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ।

## ਦੋ-ਦਿਨ ਚੱਲਣ ਵਾਲੇ ਮੁਲਾਂਕਣ ਦਾ ਕੀ ਮੰਤਵ ਹੈ?

ਇਹ ਅਪੌਇੰਟਮੈਂਟਾਂ ਇਹ ਯਕੀਨੀ ਬਣਾਉਣ ਵਿੱਚ ਸਾਡੀ ਮਦਦ ਕਰਦੀਆਂ ਹਨ ਕਿ ਗੁਰਦਾ ਦਾਨ ਕਰਨਾ ਦਾਨੀ ਵਿਅਕਤੀ ਲਈ ਸੁਰੱਖਿਅਤ ਹੈ ਅਤੇ ਇਸ ਨਾਲ ਸਾਨੂੰ ਗੁਰਦਾ ਦਾਨ ਕਰਨ ਨਾਲ ਸੰਬੰਧਤ ਫ਼ਾਇਦਿਆਂ ਅਤੇ ਖ਼ਤਰਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲਦਾ ਹੈ। ਇਸ ਨਾਲ, ਸੰਭਾਵੀ ਦਾਨੀ ਵਜੋਂ ਤੁਹਾਨੂੰ ਸੋਚ ਸਮਝ ਕੇ ਫ਼ੈਸਲਾ ਲੈਣ ਵਿੱਚ ਮਦਦ ਮਿਲੇਗੀ।



*ਫ਼ਾਤਿਮਾ, ਗੁਰਦਾ ਪ੍ਰਾਪਤ ਕਰਨ ਵਾਲੀ (ਖੱਬੇ);*
*ਸਲੀਮਾ, ਗੁਰਦਾ ਦਾਨ ਕਰਨ ਵਾਲੀ (ਸੱਜੇ)*

### ਕਦਮ 4: ਸਰਜਰੀ ਅਤੇ ਸਿਹਤਯਾਬੀ

ਆਮ ਤੌਰ ’ਤੇ ਸਰਜਰੀ ਦੀ ਤਾਰੀਖ਼ ਚੁਣਨ ਲਈ ਗੁਰਦਾ ਦਾਨ ਕਰਨ ਵਾਲੇ ਵਿਅਕਤੀ, ਗੁਰਦਾ ਪ੍ਰਾਪਤ ਕਰਨ ਵਾਲੇ ਮਰੀਜ਼, ਸਰਜਨਾਂ, ਡਾਕਟਰਾਂ, ਸੋਸ਼ਲ ਵਰਕਰਾਂ ਅਤੇ ਟ੍ਰਾਂਸਪਲਾਂਟ ਸੰਯੋਜਕਾਂ ਵਿਚਕਾਰ ਗੱਲਬਾਤ ਦੀ ਲੋੜ ਹੁੰਦੀ ਹੈ।

ਜਿਉਂ-ਜਿਉਂ ਸਰਜਰੀ ਦੀ ਤਾਰੀਖ਼ ਨੇੜੇ ਆਵੇਗੀ, ਤੁਹਾਨੂੰ ਅਤੇ ਗੁਰਦਾ ਪ੍ਰਾਪਤ ਕਰਨ ਵਾਲੇ ਮਰੀਜ਼ ਨੂੰ ਅਨੁਰੂਪਤਾ ਸੰਬੰਧੀ ਕੁਝ ਟੈਸਟ ਦੁਬਾਰਾ ਕਰਵਾਉਣੇ ਪੈਣਗੇ।

ਸਰਜਰੀ ਸੰਬੰਧੀ ਕਾਰਵਾਈਆਂ ਵਿੱਚ ਬਹੁਤ ਆਧੁਨਿਕਤਾ ਆ ਚੁੱਕੀ ਹੈ ਅਤੇ ਬਹੁਤੇ ਕੇਸਾਂ ਵਿੱਚ ਸਾਡੇ ਟ੍ਰਾਂਸਪਲਾਂਟ ਸਰਜਨਾਂ ਨੂੰ (ਲੈਪਰੋਸਕੋਪਿਕ) ਸਰਜਰੀ ਲਈ ਬਹੁਤ ਹੀ ਘੱਟ ਚੀਰ-ਫ਼ਾੜ ਕਰਨੀ ਪੈਂਦੀ ਹੈ।

## ਸਰਜਰੀ ਤੋਂ ਬਾਅਦ ਸਿਹਤਯਾਬੀ ਲਈ ਕਿੰਨਾ ਸਮਾਂ ਲੱਗਦਾ ਹੈ?

ਗੁਰਦਾ ਦਾਨ ਕਰਨ ਵਾਲੇ ਵਿਅਕਤੀ ਹਸਪਤਾਲ ਵਿੱਚ ਆਮ ਤੌਰ ’ਤੇ 2-4 ਰਾਤਾਂ ਲਈ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਸਿਹਤਯਾਬ ਹੋਣ ਲਈ 4-12 ਹਫ਼ਤਿਆਂ ਦਾ ਹੋਰ ਸਮਾਂ ਲੱਗਦਾ ਹੈ। ਗੁਰਦਾ ਦਾਨ ਕਰਨ ਲਈ ਬਾਹਰਲੇ ਸ਼ਹਿਰਾਂ ਤੋਂ ਆਉਣ ਵਾਲੇ ਵਿਅਕਤੀਆਂ ਨੂੰ ਸਰਜਰੀ ਤੋਂ ਬਾਅਦ ਲਗਭਗ ਇੱਕ ਹਫ਼ਤਾ ਵੈਨਕੂਵਰ ਵਿੱਚ ਰਹਿਣਾ ਪੈ ਸਕਦਾ ਹੈ।

ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਇੱਕ ਗੁਰਦੇ ਨਾਲ ਸਿਹਤਮੰਦ ਜ਼ਿੰਦਗੀ ਜਿਊਂ ਸਕੋਗੇ, ਤੁਹਾਨੂੰ ਸਰਜਰੀ ਤੋਂ ਬਾਅਦ ਅਤੇ ਜ਼ਿੰਦਗੀ ਭਰ ਬਾਕਾਇਦਾ ਨਿਗਰਾਨੀ ਦੀ ਲੋੜ ਪਵੇਗੀ।

## ਕੌਣ ਗੁਰਦਾ ਦਾਨ ਦਿੰਦਾ ਹੈ?

ਆਮ ਤੌਰ ’ਤੇ ਲੋਕ ਆਪਣੇ ਜਾਣਕਾਰ ਵਿਅਕਤੀ ਨੂੰ ਹੀ ਆਪਣਾ ਗੁਰਦਾ ਦਾਨ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਆਪਸ ਵਿੱਚ ਕੋਈ ਰਿਸ਼ਤੇਦਾਰੀ ਜਾਂ ਦੋਸਤੀ ਹੁੰਦੀ ਹੈ, ਜਾਂ ਉਹ ਇੱਕੋ ਧਾਰਮਕ ਜਾਂ ਸਮਾਜਕ ਸਮੂਹ ਨਾਲ ਸੰਬੰਧਤ ਹੁੰਦੇ ਹਨ।

## ਗੁਰਦਾ ਦਾਨ ਦੇਣ ਦੇ ਕੀ ਖ਼ਤਰੇ ਹਨ?

ਗੁਰਦਾ ਦਾਨ ਦੇਣਾ ਇੱਕ ਵੱਡਾ ਆਪਰੇਸ਼ਨ ਹੁੰਦਾ ਹੈ। ਇਨਫ਼ੈਕਸ਼ਨ, ਜਨਰਲ ਐਨਸਥੀਸੀਆ (ਬੇਹੋਸ਼ ਕਰਨ ਵਾਲੀ ਦਵਾਈ) ਤੋਂ ਐਲਰਜੀ, ਨਿਮੋਨੀਆ ਅਤੇ ਖ਼ੂਨ ਦਾ ਗਤਲਾ ਬਣਨ ਦੀ ਸੰਭਾਵਨਾ ਖ਼ਤਰਿਆਂ ਵਿੱਚ ਸ਼ਾਮਲ ਹੈ। ਗੁਰਦਾ ਦਾਨ ਦੇਣ ਕਾਰਨ ਮੌਤ ਦਾ ਖ਼ਤਰਾ 0.03% ਹੁੰਦਾ ਹੈ। ਗੰਭੀਰ ਗੁੰਝਲਾਂ ਦਾ ਖ਼ਤਰਾ 1-2% ਹੁੰਦਾ ਹੈ। ਗੁਰਦਾ ਦਾਨ ਦੇਣ ਵਾਲਿਆਂ ਨੂੰ ਸਰਜਰੀ ਤੋਂ ਬਾਅਦ ਇੱਕ ਜਾਂ ਦੋ ਹਫ਼ਤਿਆਂ ਬਾਅਦ ਤਕ ਸਰਜਰੀ ਲਈ ਲਗਾਏ ਗਏ ਚੀਰੇ ਵਾਲੀ ਥਾਂ ਬੇਆਰਾਮੀ ਹੋ ਸਕਦੀ ਹੈ, ਉਨ੍ਹਾਂ ਨੂੰ ਕਬਜ਼ ਜਾਂ ਢਿੱਡ ਵਿੱਚ ਬੇਅਰਾਮੀ ਹੋ ਸਕਦੀ ਹੈ ਅਤੇ ਉਨ੍ਹਾਂ ਦਾ ਜੀਅ ਕੱਚਾ ਹੋ ਸਕਦਾ ਹੈ।

## ਜੇ ਮੈਂ ਸਰਜਰੀ ਨਾ ਕਰਵਾਉਣ ਦਾ ਫ਼ੈਸਲਾ ਕਰਾਂ ਫ਼ਿਰ ਕੀ ਹੋਵੇਗਾ?

ਇਹ ਮਹੱਤਵਪੂਰਨ ਹੈ ਕਿ ਆਪਣਾ ਗੁਰਦਾ ਦਾਨ ਦੇਣ ਲਈ ਤੁਸੀਂ ਦੂਜੇ ਲੋਕਾਂ ਦੇ ਦਬਾਅ ਹੇਠ ਨਾ ਹੋਵੋ ਅਤੇ ਤੁਸੀਂ ਚੰਗੀ ਤਰ੍ਹਾਂ ਸੋਚ ਸਮਝ ਕੇ ਫ਼ੈਸਲਾ ਲਓ। ਜੇਕਰ ਕਿਸੇ ਵੀ ਸਮੇਂ ਕੋਈ ਸੰਭਾਵੀ ਦਾਨੀ ਆਪਣਾ ਗੁਰਦਾ ਦਾਨ ਨਾ ਕਰਨ ਦਾ ਨਿਰਣਾ ਲੈਂਦਾ ਹੈ ਤਾਂ ਦਾਨੀ ਦਾ ਮੁਲਾਂਕਣ ਕਰਨ ਵਾਲੀ ਟੀਮ ਬਾਕੀ ਸੰਬੰਧਤ ਵਿਅਕਤੀਆਂ ਨੂੰ ਸੂਚਿਤ ਕਰਨ ਵਿੱਚ ਮਦਦ ਕਰੇਗੀ।

## ਵਿੱਤੀ ਸੋਚ ਵਿਚਾਰ

ਜੇਕਰ ਤੁਸੀਂ ਕਨੇਡੀਅਨ ਰੈਜ਼ੀਡੈਂਟ ਹੋ ਤਾਂ ਗੁਰਦਾ ਦਾਨ ਕਰਨ ਵਾਲੇ ਵਿਅਕਤੀ ਦੇ ਮੁਲਾਂਕਣ ਅਤੇ ਟ੍ਰਾਂਸਪਲਾਂਟ ਸਰਜਰੀ ਸੰਬੰਧੀ ਖ਼ਰਚੇ ਕਵਰ ਕੀਤੇ ਜਾਣਗੇ। ਜੇਕਰ ਮੁਲਾਂਕਣ ਅਤੇ ਸਰਜਰੀ ਦਾ ਕੰਮ ਕੈਨੇਡਾ ਵਿੱਚ ਹੀ ਕੀਤਾ ਜਾਣਾ ਹੈ ਤਾਂ ਦੂਜੇ ਮੁਲਕਾਂ ਵਿੱਚ ਰਹਿੰਦੇ ਦਾਨੀਆਂ ਨੂੰ ਵੀ ਕਵਰੇਜ ਮਿਲੇਗੀ। ਬਾਹਰਲੇ ਮੁਲਕ ਵਿੱਚ ਰਹਿਣ ਵਾਲੇ ਦਾਨੀ, ਜਿਹੜੇ ਆਪਣੇ ਮੁਲਕ ਵਿੱਚ ਟੈਸਟ ਕਰਾਉਣਗੇ, ਨੂੰ ਟੈਸਟਾਂ ਦਾ ਖ਼ਰਚਾ ਟੈਸਟ ਹੋਣ ਤੋਂ ਪਹਿਲਾਂ ਅਦਾ ਕਰਨਾ ਪਵੇਗਾ। ਹੋ ਸਕਦਾ ਹੈ ਕਿ ਟ੍ਰਾਂਸਪਲਾਂਟ ਕੇਂਦਰ ਕੁਝ ਖ਼ਰਚਿਆਂ ਦੀ ਭਰਪਾਈ ਕਰ ਸਕਣ ਪਰ ਇਸ ਦੀ ਕੋਈ ਗਰੰਟੀ ਨਹੀਂ ਹੈ।

## ਆਸਾਰ ਚੰਗੇ ਹਨ

ਗੁਰਦਾ ਪ੍ਰਾਪਤ ਕਰਨ ਵਾਲੇ 88% ਮਰੀਜ਼, ਜਿਨ੍ਹਾਂ ਨੂੰ ਗੁਰਦਾ ਕਿਸੇ ਅਣਜਾਣ ਵਿਅਕਤੀ ਵੱਲੋਂ ਦਾਨ ਕੀਤਾ ਜਾਂਦਾ ਹੈ, ਟ੍ਰਾਂਸਪਲਾਂਟ ਕੀਤੇ ਗੁਰਦੇ ਨਾਲ ਪੰਜ ਸਾਲ ਜਾਂ ਜ਼ਿਆਦਾ ਸਮਾਂ ਜਿਉਂਦੇ ਹਨ।

ਸਰਜਰੀ ਲਈ ਰਾਜ਼ੀ ਹੋਣ ਤੋਂ ਪਹਿਲਾਂ ਤੁਹਾਨੂੰ ਆਪਣੇ ਹੈਲਥ ਇੰਸ਼ੋਰੈਂਸ ਪਲੈਨ ਦੀ ਪੜਚੋਲ ਕਰ ਲੈਣੀ ਚਾਹੀਦੀ ਹੈ। ਜੇਕਰ ਬਿਮਾਰ ਹੋਣ ਕਾਰਨ ਤੁਹਾਨੂੰ ਕੰਮ ਤੋਂ ਛੁੱਟੀ ਮਿਲ ਸਕਦੀ ਹੈ ਜਾਂ ਤੁਹਾਨੂੰ ਕੰਮ ਤੋਂ ਥੋੜ੍ਹੇ-ਚਿਰ ਲਈ ਡਿਸਅਬਿਲਟੀ ਬੈਨਿਫ਼ਿਟ ਮਿਲ ਸਕਦੇ ਹਨ ਤਾਂ ਹੋ ਸਕਦਾ ਹੈ ਕਿ ਤੁਸੀਂ ਪਲੈਨ ਮੁਤਾਬਕ ਬਿਮਾਰੀ ਸੰਬੰਧੀ ਬੈਨਿਫ਼ਿਟ ਦੇ ਯੋਗ ਹੋਵੋ। ਜੇਕਰ ਤੁਹਾਡੇ ਕੋਲ ਕੰਮ ਰਾਹੀਂ ਬਿਮਾਰੀ ਸੰਬੰਧੀ ਬੈਨਿਫ਼ਿਟ ਨਹੀਂ ਹਨ ਪਰ ਤੁਸੀਂ ਬੇਰੋਜ਼ਗਾਰੀ ਇੰਸ਼ੋਰੈਂਸ ਪ੍ਰੋਗਰਾਮ ਵਿੱਚ ਪੈਸੇ ਪਾਉਂਦੇ ਰਹੇ ਹੋ ਤਾਂ, ਜੇਕਰ ਤੁਸੀਂ ਬੀਤੇ ਵਰ੍ਹੇ ਦੌਰਾਨ ਕੰਮ ਦੇ ਯੋਗ ਘੰਟਿਆਂ ਸੰਬੰਧੀ ਸ਼ਰਤ ਪੂਰੀ ਕਰਦੇ ਹੋ, ਤੁਸੀਂ 15 ਹਫ਼ਤਿਆਂ ਤਕ ਬੇਰੋਜ਼ਗਾਰੀ ਇੰਸ਼ੋਰੈਂਸ ਬੈਨਿਫ਼ਿਟ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਜੇਕਰ ਤੁਹਾਡੇ ਕੋਲ ਆਪਣੀ ਕੰਮ ਵਾਲੀ ਥਾਂ ਤੋਂ ਬਿਮਾਰੀ ਸੰਬੰਧੀ ਕੋਈ ਬੈਨਿਫ਼ਿਟ ਨਾ ਹੋਣ ਜਾਂ ਤੁਸੀਂ ਮੈਡੀਕਲ ਆਧਾਰ 'ਤੇ ਬੇਰੋਜ਼ਗਾਰੀ ਇੰਸ਼ੋਰੈਂਸ ਦੇ ਯੋਗ ਨਹੀਂ ਹੁੰਦੇ, ਤੁਸੀਂ 'ਲਿਵਿੰਗ ਆਰਗਨ ਡੋਨਰ ਐਕਸਪੈਂਸ ਰੀਇੰਬਰਸਮੈਂਟ ਪ੍ਰੋਗਰਾਮ' (ਜਿਉਂਦੇ-ਜੀਅ ਅੰਗ ਦਾਨ ਕਰਨ ਵਾਲੇ ਵਿਅਕਤੀ ਦੇ ਖ਼ਰਚਿਆਂ ਦੀ ਭਰਪਾਈ ਦਾ ਪ੍ਰੋਗਰਾਮ) ਰਾਹੀਂ ਆਮਦਨ ਦੇ ਨੁਕਸਾਨ ਵਿੱਚ ਰਾਹਤ ਸੰਬੰਧੀ ਅਰਜ਼ੀ ਦੇ ਸਕਦੇ ਹੋ।

## 'ਲਿਵਿੰਗ ਆਰਗਨ ਡੋਨਰ ਐਕਸਪੈਂਸ ਰੀਇੰਬਰਸਮੈਂਟ ਪ੍ਰੋਗਰਾਮ'(ਐੱਲ.ਓ.ਡੀ.ਈ.ਆਰ.ਪੀ.)

'ਲਿਵਿੰਗ ਆਰਗਨ ਡੋਨਰ ਐਕਸਪੈਂਸ ਰੀਇੰਬਰਸਮੈਂਟ ਪ੍ਰੋਗਰਾਮ' ਜਿਉਂਦੇ ਜੀਅ ਗੁਰਦਾ ਦਾਨ ਕਰਨ ਵਾਲੇ ਵਿਅਕਤੀਆਂ ਨੂੰ ਟੀਮ ਵੱਲੋਂ ਮੁਲਾਂਕਣ ਕੀਤੇ ਜਾਣ ਦੇ ਪੜਾਅ ਦੌਰਾਨ ਆਵਾਜਾਈ, ਪਾਰਕਿੰਗ ਅਤੇ ਰਿਹਾਇਸ਼ ਸੰਬੰਧੀ ਖ਼ਰਚਿਆਂ ਅਤੇ ਸਰਜਰੀ ਦੇ ਸਮੇਂ ਆਵਾਜਾਈ, ਪਾਰਕਿੰਗ, ਰਿਹਾਇਸ਼ ਸੰਬੰਧੀ ਖ਼ਰਚਿਆਂ ਅਤੇ ਆਮਦਨ ਦੇ ਨੁਕਸਾਨ ਸੰਬੰਧੀ ਕੁਝ ਵਿਤੀ ਸਹਾਇਤਾ ਪ੍ਰਦਾਨ ਕਰ ਸਕਦਾ ਹੈ। ਐੱਲ.ਓ.ਡੀ.ਈ.ਆਰ.ਪੀ. ਕਿਡਨੀ ਫ਼ਾਊਂਡੇਸ਼ਨ ਆਫ਼ ਕੈਨੇਡਾ ਦੀ ਬੀ.ਸੀ. ਸ਼ਾਖਾ (www.kidney.ca/BC/LODERP) ਵੱਲੋਂ ਚਲਾਇਆ ਜਾਂਦਾ ਹੈ। ਐੱਲ.ਓ.ਡੀ.ਈ.ਆਰ.ਪੀ. ਲਈ ਤੁਹਾਡੀ ਯੋਗਤਾ ਬਾਰੇ ਤੁਹਾਡੇ ਮੁਲਾਂਕਣ ਦੌਰਾਨ ਗੱਲਬਾਤ ਕੀਤੀ ਜਾਵੇਗੀ।

ਐੱਲ.ਓ.ਡੀ.ਈ.ਆਰ.ਪੀ. ਵੱਲੋਂ ਬੀ.ਸੀ. ਫ਼ੈਰੀਜ਼ ਦਾ ਖ਼ਰਚਾ ਕਵਰ ਨਹੀਂ ਕੀਤਾ ਜਾਂਦਾ; ਪਰ ਜਿਹੜੇ ਲੋਕਾਂ ਕੋਲ ਬੀ.ਸੀ. ਕੇਅਰ ਕਾਰਡ ਹੋਵੇ ਅਤੇ ਜਿਨ੍ਹਾਂ ਨੂੰ ਡਾਕਟਰ ਵੱਲੋਂ ਮਨਜ਼ੂਰੀ ਦਿੱਤੀ ਗਈ ਹੋਵੇ, ਉਨ੍ਹਾਂ ਨੂੰ ਸੂਬਾਈ 'ਟ੍ਰੈਵਲ ਅਸਿਸਟੈਂਸ ਪ੍ਰੋਗਰਾਮ' (ਟੈਪਸ) ਬੀ.ਸੀ. ਫ਼ੈਰੀਜ਼ ਉੱਪਰ ਮੁਫ਼ਤ ਸਫ਼ਰ ਕਰਨ ਅਤੇ ਹਵਾਈ ਟਿਕਟਾਂ 'ਤੇ ਰਿਆਇਤ ਦੀ ਪੇਸ਼ਕਸ਼ ਕਰਦਾ ਹੈ। ਇਹ ਫ਼ਾਰਮ ਤੁਸੀਂ ਆਪਣੇ ਟ੍ਰਾਂਸਪਲਾਂਟ ਸੰਯੋਜਕ ਜਾਂ ਆਪਣੇ ਫ਼ੈਮਲੀ ਡਾਕਟਰ ਤੋਂ ਪ੍ਰਾਪਤ ਕਰ ਸਕਦੇ ਹੋ।

## ਜ਼ਿਆਦਾ ਜਾਣਕਾਰੀ ਚਾਹੀਦੀ ਹੈ?

**St. Paul's Hospital Living Donor Program**
**(ਸੇਂਟ ਪੌਲ੍ਹ'ਜ਼ ਹਸਪਤਾਲ ਲਿਵਿੰਗ ਡੋਨਰ ਪ੍ਰੋਗਰਾਮ)**
Unit 6A, 6th Floor, Providence Building
1081 Burrard Street
Vancouver, BC V6Z 1Y6
ਫ਼ੋਨ: 604-806-9027
ਫ਼ੈਕਸ: 604-806-9658
ਟੋਲ ਫ਼੍ਰੀ: 1-877-922-9822
donornurse@providencehealth.bc.ca
recipientnurse@providencehealth.bc.ca
www.providencehealthcare.org

**Vancouver General Hospital Living Donor Program**
**(ਵੈਨਕੂਵਰ ਜਨਰਲ ਹਸਪਤਾਲ ਲਿਵਿੰਗ ਡੋਨਰ ਪ੍ਰੋਗਰਾਮ)**
5th Floor, Gordon and Leslie Diamond Health Care Centre
2775 Laurel Street
Vancouver, BC V5Z 1M9
ਫ਼ੋਨ: 604-875-5182
ਫ਼ੈਕਸ: 604-875-5236
ਟੋਲ ਫ਼੍ਰੀ: 1-855-875-5182
www.vch.ca

**BC Children's Hospital Renal Transplant Program**
**(ਬੀ.ਸੀ. ਚਿਲਡ੍ਰਨ'ਜ਼ ਹਸਪਤਾਲ ਰੀਨਲ ਟ੍ਰਾਂਸਪਲਾਂਟ ਪ੍ਰੋਗਰਾਮ)**
K4-172
4480 Oak St.
Vancouver, BC V6H 3V4
ਫ਼ੋਨ: 604-875-3613
ਫ਼ੈਕਸ: 604-875-2943

## ਹੋਰ ਵਸੀਲੇ

**BC Transplant (ਬੀ.ਸੀ. ਟ੍ਰਾਂਸਪਲਾਂਟ)**
www.transplant.bc.ca

**Living Organ Donor Expense Reimbursement Program (LODERP) (ਲਿਵਿੰਗ ਆਰਗਨ ਡੋਨਰ ਐਕਸਪੈਂਸ ਰੀਇੰਬਰਸਮੈਂਟ ਪ੍ਰੋਗਰਾਮ – ਐੱਲ.ਓ.ਡੀ.ਈ.ਆਰ.ਪੀ.)**
www.kidney.ca/BC/LODERP

## ਹੋਰ ਬ੍ਰੋਸ਼ਰ ਜਿਹੜੇ ਤੁਹਾਡੇ ਲਈ ਸਹਾਈ ਹੋ ਸਕਦੇ ਹਨ:

**ਨਵਾਂ ਗੁਰਦਾ ਲਗਾਉਣ (ਟ੍ਰਾਂਸਪਲਾਂਟ) ਦੀ ਪ੍ਰਕਿਰਿਆ:**
ਗੁਰਦਾ ਟ੍ਰਾਂਸਪਲਾਂਟ ਕੀਤੇ ਜਾਣ ਵਾਲੇ ਮਰੀਜ਼ਾਂ ਲਈ ਕਦਮ-ਬ-ਕਦਮ ਗਾਈਡ

**ਦਾਨੀ ਲੱਭਣਾ ਅਤੇ ਆਪਣੀ ਲੋੜ ਬਾਰੇ ਸੁਨੇਹਾ ਪਹੁੰਚਾਉਣਾ:** ਸੰਭਾਵੀ ਦਾਨੀਆਂ ਤਕ ਪਹੁੰਚ ਕਰਨ ਲਈ ਕਦਮ-ਬ-ਕਦਮ ਗਾਈਡ


BC TRANSPLANT
An agency of the Provincial Health Services Authority

Suite 350, West Tower
555 West 12th Ave.
Vancouver, BC
V5Z 3X7

ਫ਼ੋਨ: 604-877-2240
ਟੋਲ ਫ਼੍ਰੀ: 1-800-663-6189
ਫ਼ੈਕਸ: 604-877-2111
ਵੈੱਬਸਾਈਟ: transplant.bc.ca

facebook.com/BCTransplant
@bc_transplant